**ਮਿਤੀ 9.11.2016 ਨੂੰ ਮਾਨਯੋਗ ਸ਼੍ਰੀ ਚੁਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਬੋਰਡ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 23ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 23ਵੀਂ ਮੀਟਿੰਗ ਮਾਨਯੋਗ ਸ਼੍ਰੀ ਚੁਨੀ ਲਾਲ ਭਗਤ, ਕਿਰਤ ਮੰਤਰੀ ਜੋ ਕਿ ਪੰਜਾਬ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਚੇਅਰਮੈਨ ਹਨ, ਜੀ ਦੀ ਪ੍ਰਧਾਨਗੀ ਹੇਠ ਮਿਤੀ 9.11.2016 ਨੂੰ ਸਮਾਂ 12.00 ਵਜੇ (ਬਾਅਦ ਦੁਪਹਿਰ) ਪੰਜਾਬ ਭਵਨ, ਸੈਕਟਰ-3 ਚੰਡੀਗੜ੍ਹ ਵਿਖੇ ਹੋਈ। ਇਸ ਮੀਟਿੰਗ ਵਿੱਚ ਸ਼੍ਰੀ ਵਿਸਵਾਜੀਤ ਖੰਨਾ, ਆਈ.ਏ.ਐਸ., ਪ੍ਰਮੁੱਖ ਸਕੱਤਰ ਕਿਰਤ ਜੀ ਤੋਂ ਇਲਾਵਾ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਵਲੋਂ ਭਾਗ ਲਿਆ ਗਿਆ:-

| **ਲੜੀ ਨੰ:** | **ਮੈਂਬਰ** | **ਹਾਜ਼ਰ ਮੈਂਬਰ/ ਪ੍ਰਤੀਨਿਧੀ** |
|---|---|---|
| 1 | ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, | ਸ਼੍ਰੀ ਮਹਿੰਗਾ ਸਿੰਘ ਕੰਗ, ਪ੍ਰੋਗਰਾਮ ਮੈਨੇਜਰ, ਦਫਤਰ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ। |
| 2 | ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ। | ਸ਼੍ਰੀ ਪ੍ਰੇਮ ਚੰਦ, ਵਧੀਕ ਪ੍ਰੋਗਰਾਮ ਡਾਇਰੈਕਟਰ, ਦਫਤਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ। |
| 3 | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਚੰਡੀਗੜ੍ਹ। | ਸ਼੍ਰੀ ਮੋਹਿੰਦਰ ਪਾਲ, ਸੁਪਰਡੰਟ ਇੰਜੀਨੀਅਰ (ਪੀ.ਆਰ) ਦਫਰਤ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਪੰਜਾਬ। |
| 4 | ਕਿਰਤ ਕਮਿਸ਼ਨਰ ਪੰਜਾਬ, ਚੰਡੀਗੜ੍ਹ। | ਸ਼੍ਰੀ ਤੇਜਿੰਦਰ ਸਿੰਘ ਧਾਲੀਵਾਲ, ਆਈ.ਏ.ਐਸ., ਕਿਰਤ ਕਮਿਸ਼ਨਰ ਪੰਜਾਬ। |
| 5 | ਡਿਪਟੀ ਚੀਫ ਲੇਬਰ ਕਮਿਸ਼ਨਰ, ਭਾਰਤ ਸਰਕਾਰ, ਚੰਡੀਗੜ੍ਹ | ਸ਼੍ਰੀ ਨਵਦੀਪ ਸੂਦ |
| 6 | ਸ਼੍ਰੀ ਕਰਤਾਰ ਸਿੰਘ ਰਾਠੋਰ, ਭਾਰਤੀਯ ਮਜ਼ਦੂਰ ਸੰਘ, ਜੀ.ਟੀ. ਰੋਡ, ਜਲੰਧਰ। | ਹਾਜ਼ਰ |
| 7 | ਸ਼੍ਰੀ ਹਰਿੰਦਰਪਾਲ ਸਿੰਘ ਪੁੱਤਰ ਸ਼੍ਰੀ ਗੁਰਬਖਸ਼ ਸਿੰਘ, ਪਿੰਡ ਵਡਾਲਾ ਬਾਂਗਰ, ਤਹਿ ਅਤੇ ਜਿਲ੍ਹਾਂ ਗੁਰਦਾਸਪੁਰ (ਗੁਰੂ ਕਿਰਪਾ ਐਸ/ਸੀ ਸੁਸਾਇਟੀ ਮਸ਼ਤਫਾਪੁਰ)। | ਹਾਜ਼ਰ |

ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਗੈਰ ਹਾਜ਼ਰ ਰਹੇ:-

| **ਲੜੀ ਨੰ:** | **ਮੈਂਬਰਾਂ ਦਾ ਨਾਂ** |
|---|---|
| 1 | ਸ਼੍ਰੀ ਰਜਿੰਦਰ ਮਿੱਤਲ, ਐਮ.ਡੀ, ਮੈਸ: ਡੀ.ਡੀ. ਮਿੱਤਲ ਟਾਵਰ, ਬਠਿੰਡਾ। |
| 2 | ਸ਼੍ਰੀ ਮਨਜੀਤ ਸਿੰਘ, ਪਿੰਡ ਸਰੀਹ, ਤਹਿ. ਨਕੋਦਰ ਜਲੰਧਰ |
| 3 | ਸ਼੍ਰੀ ਕ੍ਰਿਸ਼ਨ ਪਾਲ ਸ਼ਰਮਾ ਪੁੱਤਰ ਲੇਟ ਸ਼੍ਰੀ ਮਿਲਖੀ ਰਾਮ ਸ਼ਰਮਾ, ਪਿੰਡ ਮੁਬਾਰਕਪੁਰ, ਐਮ.ਸੀ. ਡੇਰਾਬੱਸੀ (C/o ਸ਼੍ਰੀ ਵੀ.ਐਨ. ਸ਼ਰਮਾ ਬਿਲਡਰਜ਼ ਪ੍ਰਾ. ਲਿਮ:) |
| 4 | ਸ਼੍ਰੀ ਜ਼ੋਗਿੰਦਰ ਸਿੰਘ ਪੁੱਤਰ ਸ਼੍ਰੀ ਗੁਰਚਰਨ ਸਿੰਘ, ਆਦਰਸ ਨਗਰ, ਜਲੰਧਰ |

ਪਿਛਲੇ ਪੰਨੇ ਤੋਂ ਇਲਾਵਾ ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ ਵੀ ਸ਼ਾਮਲ ਸਨ:-

| **ਲੜੀ ਨੰ:** | **ਦਫਤਰ** | **ਹਾਜ਼ਰ ਅਧਿਕਾਰੀ** |
|---|---|---|
| 1 | ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ | 1. ਸ੍ਰੀ ਬੀਰਇੰਦਰਜੀਤ ਸਿੰਘ, ਪ੍ਰੋਜੈਕਟ ਡਾਇਰੈਕਟਰ-ਕਮ-ਓ.ਐਸ.ਡੀ ਟੂ ਕਿਰਤ ਮੰਤਰੀ ਪੰਜਾਬ<br>2. ਸ੍ਰੀ ਸੋਢੀ ਮੱਲ, ਸਲਾਹਕਾਰ, ਬੋਰਡ<br>3. ਸ੍ਰੀ ਐਸ.ਐਸ.ਬਾਂਡੀ, ਡਿਪਟੀ ਸਕੱਤਰ, ਬੋਰਡ<br>4. ਸ੍ਰੀ ਜਗਦੀਸ਼ ਸੈਣੀ, ਲੇਖਾ ਅਫਸਰ, ਬੋਰਡ<br>5. ਸ੍ਰੀ ਕਮਲੇਸ਼ ਸ਼ਰਮਾ, ਸੁਪਰਡੰਟ, ਬੋਰਡ |

ਮੀਟਿੰਗ ਦੇ ਆਰੰਭ ਵਿੱਚ ਸ਼੍ਰੀ ਤੇਜਿੰਦਰ ਸਿੰਘ ਧਾਲੀਵਾਲ, ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ, ਵੱਲੋ ਮਾਨਯੋਗ ਕਿਰਤ ਮੰਤਰੀ-ਕਮ-ਚੈਅਰਮੈਨ ਬੋਰਡ, ਸ਼੍ਰੀ ਵਿਸਵਾਜੀਤ ਖੰਨਾ, ਪ੍ਰਮੁੱਖ ਸਕੱਤਰ ਕਿਰਤ ਅਤੇ ਮੀਟਿੰਗ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨੂੰ **'ਜੀ ਆਇਆਂ'** ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੈਅਰਮੇਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ।

ਮੈਂਬਰ ਸਕੱਤਰ ਵੱਲੋ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ, ਜਿਨ੍ਹਾਂ ਬਾਰੇ ਬੋਰਡ ਵੱਲੋ ਵਿਚਾਰ ਵਟਾਂਦਰਾਂ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1 ਬੋਰਡ ਦੀ 22ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਬੋਰਡ ਦੀ ਮਿਤੀ 24.8.2016 ਨੂੰ ਹੋਈ 22ਵੀਂ ਮੀਟਿੰਗ ਦੀ ਕਾਰਵਾਈ ਰਿਪੋਟ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ: ਬਕਵਵਬ/ਮੀਟਿੰਗ/2016-17/7333-44 ਮਿਤੀ 9.09.2016 ਰਾਹੀਂ ਭੇਜ਼ ਦਿੱਤੀ ਗਈ ਸੀ। ਇਸ ਕਾਰਵਾਈ ਰਿਪੋਟ ਤੇ ਬੋਰਡ ਦੇ ਮੈਂਬਰ ਸ੍ਰੀ ਕਰਤਾਰ ਸਿੰਘ ਕਾਠੋਰ ਵਲੋਂ ਇਹ ਇਤਰਾਜ ਕੀਤਾ ਗਿਆ ਸੀ ਕਿ ਕਿਰਤੀਆਂ ਨੂੰ ਵਜੀਫਾ ਸਕੀਮ, ਸਾਈਕਲ ਸਕੀਮ ਅਤੇ ਸ਼ਗਨ ਸਕੀਮ ਅਧੀਨ ਦੋਹਰੇ ਲਾਭ ਨਾਂ ਦੇਣ ਬਾਰੇ ਸ਼ਰਤ ਹਟਾਈ ਜਾਵੇ ਅਤੇ ਕੇਂਦਰ ਸਰਕਾਰ ਦੀਆਂ ਮਿਤੀ 7.6.2016 ਦੀਆਂ ਹਦਾਇਤਾਂ ਨੂੰ ਮੁੜ ਵਿਚਾਰਿਆਂ ਜਾਵੇ। ਬੋਰਡ ਵਲੋਂ ਇਹ ਕਾਰਵਾਈ ਰਿਪੋਟ ਇਸ ਹੱਦ ਤਕ ਪ੍ਰਵਾਨ ਕੀਤੀ ਗਈ ਕਿ ਜ਼ੋ ਇਨ੍ਹਾਂ ਮੁਦਿਆਂ ਸਬੰਧੀ ਅੱਜ ਦੀ ਬੋਰਡ ਮੀਟਿੰਗ ਵਿਚ ਫੈਸਲੇ ਹੋਣਗੇ ਉਨ੍ਹਾਂ ਅਨੁਸਾਰ ਹੀ 22ਵੀਂ ਮੀਟਿੰਗ ਦੀ ਕਾਰਵਾਈ ਦੀ ਪ੍ਰਵਾਨਗੀ ਹੋਵੇਗੀ।

**ਆਈਟਮ ਨੰ: 2 ਬੋਰਡ ਦੀ 22ਵੀਂ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵੱਲੋ 22ਵੀਂ ਮੀਟਿੰਗ ਸਬੰਧੀ ਆਈਟਮ ਵਾਈਜ਼ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿੱਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮੈਂਬਰ ਸਾਹਿਬਾਨ ਵੱਲੋ ਵਿਚਾਰ ਵਟਾਂਦਰਾਂ ਕਰਨ ਉਪਰੰਤ ਇਸ ਆਈਟਮ ਵਿੱਚ ਦਰਜ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ :-

**19ਵੀਂ ਮੀਟਿੰਗ ਅਜੰਡਾ ਆਈਟਮ ਨੰ:6** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਚਾਲੂ ਰੱਖਣ ਬਾਰੇ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਨੂੰ ਚਾਲੂ ਰੱਖਣ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾਂ ਕਰਨ ਉਪਰੰਤ ਫੈਸਲਾ ਕੀਤਾ ਕਿ ਮਿਤੀ 1.11.2016 ਤੋਂ 31.10.2017 ਤੀਕ ਚਲਾਈ ਜਾਣ ਵਾਲੀ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ

ਅਧੀਨ 65659 ਉਸਾਰੀ ਕਿਰਤੀਆਂ ਦੇ ਹੈਲਥ ਕਾਰਡ ਰਨਿਊ ਕਰਨ ਸਬੰਧੀ, ਅਜਿਹੇ ਸਾਰੇ ਲਾਭਪਾਤਰੀਆਂ ਦਾ ਪ੍ਰੀਮੀਅਮ ਬੋਰਡ ਵਲੋਂ ਬੀਮਾ ਕੰਪਨੀ ਨੂੰ ਅਦਾ ਕੀਤਾ ਜਾਵੇ ਜਿਨ੍ਹਾਂ ਦਾ ਡਾਟਾ ਬੋਰਡ ਵਲੋਂ ਇੱਕਠਾ ਕਰਕੇ ਸਪਲਾਈ ਕੀਤਾ ਹੋਇਆ ਹੈ, ਭਾਵੇਂ ਕਿ ਉਨ੍ਹਾਂ ਵਿਚੋਂ ਕਈ ਲਾਭਪਾਤਰੀਆਂ ਦੇ ਬਲਿਊ ਕਾਰਡ ਵੀ ਬਣੇ ਹੋਣ। ਲੇਕਿਨ ਇਹ ਯਕੀਨੀ ਬਨਾਇਆ ਜਾਵੇ ਕਿ ਦੋਨੋ ਪਾਸਿਓਂ ਲਾਭ ਨਾਂ ਲਿਆ ਜਾਵੇ।

ਬੋਰਡ ਵਲੋਂ ਬੀਮਾ ਕੰਪਨੀ ਨੂੰ 65659 ਲਾਭਪਾਤਰੀਆਂ, ਜਿਨ੍ਹਾਂ ਦੇ ਹੈਲਥ ਕਾਰਡ ਰਨਿਊ ਕੀਤੇ ਗਏ ਹਨ ਉਨ੍ਹਾਂ ਦਾ 386.82 ਰੁਪਏ + 15% ਸਰਵਿਸ ਟੈਕਸ ਦੇ ਹਿਸਾਬ ਨਾਲ 25% ਦੀ ਕਿਸ਼ਤ ਭਾਵ 73,01,987/- ਰੁਪਏ ਦੀ ਬੀਮੇ ਦੀ ਰਕਮ ਦੀ ਕੀਤੀ ਅਦਾਇਗੀ ਦੀ ਪ੍ਰਵਾਨਗੀ ਵੀ ਦਿਤੀ ਗਈ।

**19ਵੀਂ ਮੀਟਿੰਗ ਅਜੰਡਾ ਆਈਟਮ ਨੰ: 3** **ਭਾਰਤ ਸਰਕਾਰ ਵੱਲੋ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵੈਲਫੇਅਰ ਸੈਸ ਦੀ ਵਰਤੋਂ ਲਈ ਬੀ.ਓ.ਸੀ.ਡਬਲਿਯੂ. (ਆਰ.ਈ. ਐਂਡ ਸੀ.ਐਸ.) ਐਕਟ, 1996 ਦੀ ਧਾਰਾ 60 ਅਧੀਨ ਮਿਤੀ 7.6.2016 ਰਾਹੀਂ ਜਾਰੀ ਕੀਤੇ ਹੁਕਮਾਂ ਸਬੰਧੀ।**

ਇਸ ਅਜੰਡਾ ਆਈਟਮ ਨੂੰ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਕਿ ਕੇਂਦਰ ਸਰਕਾਰ ਪਾਸੋਂ ਅਗਵਾਈ ਪ੍ਰਾਪਤ ਹੋਣ ਤੱਕ ਕੋਈ ਕਾਰਵਾਈ ਨਾਂ ਕੀਤੀ ਜਾਵੇ ਅਤੇ ਅਗਵਾਈ ਲੈਣ ਬਾਰੇ ਸਕੱਤਰ ਬੋਰਡ ਦੀ ਪੱਧਰ ਤੇ ਕੇਂਦਰ ਸਰਕਾਰ ਨਾਲ ਤਾਲਮੇਲ ਕਰਦੇ ਹੋਏ ਪੈਰਵੀ ਕੀਤੀ ਜਾਵੇ।

**22 ਵੀਂ ਮੀਟਿੰਗ ਅਜੰਡਾ ਆਈਟਮ ਨੰ: 2**

**<u>ਸਾਈਕਲ ਸਕੀਮ ਦੀ ਪ੍ਰਗਤੀ ਬਾਰੇ:-</u>**

ਸਾਈਕਲ ਸਕੀਮ ਅਧੀਨ ਸਾਈਕਲਾਂ ਦੀ ਵੰਡ ਦੀ ਪ੍ਰਗਤੀ ਵਿਚਾਰਨ ਉਪਰੰਤ ਮੌਕੇ ਤੇ ਪ੍ਰਮੁੱਖ ਸਕੱਤਰ ਜੀ ਵਲੋਂ ਆਦੇਸ਼ ਦਿਤੇ ਗਏ ਕਿ ਸਾਈਕਲਾਂ ਦੀ ਸਪਲਾਈ ਸਬੰਧੀ ਸਪਲਾਈ ਆਰਡਰ ਦੀ pendency ਇੱਕ ਹਫਤੇ ਦੇ ਵਿਚ-ਵਿਚ ਖਤਮ ਕੀਤੀ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਜੇਕਰ ਸਾਈਕਲਾਂ ਦੀ ਵਿਤਰਣ ਲਈ ਮਾਨਯੋਗ ਮੰਤਰੀ, ਐਮ.ਐਲ.ਏ. ਅਤੇ ਪਤਵੰਤੇ ਸਜਣਾਂ ਨੂੰ ਸਮਾਂ ਨਹੀਂ ਮਿਲਦਾ ਤਾਂ ਸਹਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਵਲੋਂ ਆਪਣੀ ਪੱਧਰ ਤੇ ਹੀ ਸਾਰੇ ਸਾਈਕਲ ਇਕ ਹਫਤੇ ਵਿਚ ਵੰਡਣ ਦੀ ਕਾਰਵਾਈ ਮੁਕੰਮਲ ਕੀਤੀ ਜਾਵੇ। ਬੋਰਡ ਮੈਂਬਰਾਂ ਵਲੋਂ ਇਸ ਤੇ ਸਹਿਮਤੀ ਦਿਤੀ ਗਈ।

**ਅਜੰਡਾ ਆਈਟਮ ਨੰ:3** **ਮਿਤੀ 1.7.2016 ਤੋਂ 30.09.2016 ਦੋਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।**

ਮਿਤੀ 1.7.2016 ਤੋਂ 30.9.2016 ਤਕ ਦੀ ਤਿਮਾਹੀ ਦੋਰਾਨ ਬੋਰਡ ਵਲੋਂ ਕੀਤੇ ਗਏ ਕੰਮ ਦੀ ਸਮੀਖਿਆ ਕੀਤੀ ਗਈ ਅਤੇ ਸੰਤੁਸ਼ਟੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰਬਰ 4** **ਬੋਰਡ ਦੀ ਸਾਲ 2015-16 ਦੀ ਅਸਲ ਪ੍ਰਾਪਤੀ ਅਤੇ ਖਰਚਾ, ਸਾਲ 2016-17 ਦਾ ਸੋਧਿਆ ਬੱਜਟ ਅਤੇ ਸਾਲ 2017-18 ਦਾ ਅਨੁਮਾਨਤ ਬੱਜਟ ਪਾਸ ਕਰਵਾਉਣ ਬਾਰੇ।**

ਬੋਰਡ ਵਲੋਂ ਸਾਲ 2015-16 ਦੀ ਅਸਲ ਪ੍ਰਾਪਤੀ ਅਤੇ ਖਰਚਾ, ਸਾਲ 2016-17 ਦਾ ਸੋਧਿਆ ਬਜਟ ਅਤੇ ਸਾਲ 2017-18 ਦਾ ਅਨੁਮਾਨਤ ਬਜਟ ਘੋਖਣ ਉਪਰੰਤ ਹੇਠ ਲਿਖਿਆ ਬਜਟ ਪਾਸ ਕੀਤਾ ਗਿਆ:-

## 'ੳ' ਆਮਦਨ/ਪ੍ਰਾਪਤੀਆਂ (ਰਕਮ ਕਰੋੜਾ ਵਿੱਚ)

| ਲੜੀ ਨੰ: | ਮੱਦ | ਸਾਲ 2015-16 ਦੀ ਅਸਲ ਪ੍ਰਾਪਤੀ | ਅਨੁਮਾਨਤ ਬੱਜਟ ਸਾਲ 2016-17 | ਅਸਲ ਪ੍ਰਾਪਤੀ ਸਾਲ 2016-17 (1.4.2016 ਤੋਂ 30.09.2016) | ਸੋਧਿਆ ਬੱਜਟ ਸਾਲ 2016-17 | ਅਨੁਮਾਨਤ ਬੱਜਟ ਸਾਲ 2017-18 |
|---|---|---|---|---|---|---|
| 1 | 2 | 3 | 4 | 5 | 6 | 7 |
| 1 | ਸੈਸ ਖਾਤਾ | 142.62 | 140.00 | 95.36 | 180.00 | 190.00 |
| 2 | ਕੰਟਰੀਬਿਊਸ਼ਨ/ ਰਜਿਸਟਰੇਸ਼ਨ ਫੀਸ | 3.13 | 2.50 | 3.60 | 7.00 | 10.00 |
| 3 | ਵਿਆਜ ਖਾਤਾ (ਸੇਵਿੰਗ/ ਐਫ.ਡੀ.ਆਰਜ਼/ ਆਟੋਸਵੀਪ ਖਾਤਾ) | 55.18 | 45.00 | 28.13 | 56.00 | 57.00 |
| | **ਕੁੱਲ ਜੋੜ** | **200.93** | **187.50** | **127.09** | **243.00** | **257.00** |

## ਪ੍ਰਬੰਧਕੀ ਖਰਚੇ

## 1(i) Revenue expenditure (ਰਕਮ ਲੱਖਾਂ ਵਿੱਚ)

| ਲੜੀ ਨੰ: | ਮੱਦ | ਸਾਲ 2015-16 ਦਾ ਅਸਲ ਖਰਚਾ | ਅਨੁਮਾਨਤ ਬੱਜਟ ਸਾਲ 2016-17 | ਅਸਲ ਖਰਚਾ ਸਾਲ 2016-17 (ਮਿਤੀ 1.4.2016 ਤਂ 30.9.2016 ਤਕ | ਸੋਧਿਆ ਬੱਜਟ ਸਾਲ 2016-17 | ਅਨੁਮਾਨਤ ਬੱਜਟ 2017-18 | ਵਿਸ਼ੇਸ ਕੱਥਨ |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| 1. | ਤਨਖਾਹ, ਭਤੇ ਅਤੇ ਉਜਰਤਾਂ | 332.20 | 350.00 | 95.14 | 400.00 | 500.00 | 30.9.16 ਤਕ ਦੇ ਤਨਖਾਹਾਂ ਦੇ ਖਰਚਿਆਂ ਵਿਚ ਸਿਰਫ ਅਪ੍ਰੈਲ,ਮਈ ਅਤੇ ਜੂਨ ਮਹੀਨੇ ਦੀ ਤਨਖਾਹ ਸ਼ਾਮਲ ਹੈ। |
| 2. | ਦਫਤਰੀ ਖਰਚਾ ਅਤੇ ਬੈਂਕ ਚਾਰਜਜ ਆਦਿ | 36.51 | 10.00 | 4.76 | 10.00 | 12.00 | |
| 3. | ਗਡੀਆਂ ਦੀ ਇੰਸ਼ੋਰੈਂਸ | 1.04 | 2.00 | 0.10 | 2.00 | 2.00 | |
| 4. | ਬਿਜਲੀ/ਪਾਣੀ ਖਾਤਾ | 0.36 | 1.00 | 0.26 | 0.75 | 1.00 | |

| | | | | | | | |
|---|---|---|---|---|---|---|---|
| 5. | ਗਡੀਆਂ ਦੇ ਰੱਖ-ਰਖਾਵ ਲਈ (ਡੀਜ਼ਲ/ ਸਰਵਿਸ/ ਰਿਪੇਅਰ ਅਤੇ ਰਜਿਸਟਰੇਸਨ ਫੀਸ | 7.48 | 15.00 | 3.50 | 15.00 | 15.00 | |
| 6. | ਪ੍ਰਿੰਟਿੰਗ ਅਤੇ ਸਟੇਸ਼ਨਰੀ | 2.34 | 30.00 | 1.33 | 05.00 | 05.00 | |
| 7. | ਐਂਟਰਟੇਨਮੈਂਟ/ਫੀਸ ਅਤੇ ਅਲਾਊਂਸ | 1.07 | 1.50 | 0.94 | 2.00 | 2.00 | |
| 8. | ਡਾਕ ਟਿਕਟਾਂ | 0.60 | 1.00 | 0.30 | 1.00 | 1.00 | |
| 9. | ਸਫਰ ਭੱਤੇ | 0.23 | 1.00 | 0.02 | 0.50 | 1.00 | |
| 10. | ਆਡਿਟ ਫੀਸ | 0.72 | 3.00 | 1.29 | 3.00 | 3.00 | |
| 11. | ਟੈਲੀਫੋਨ | 0.58 | 3.00 | 0.32 | 1.00 | 1.00 | |
| 12. | ਐਂਡਵਰਟਾਈਜਮੈਂਟ ਦਾ ਖਰਚਾ(ਸਕੀਮਾਂ ਤੋਂ ਇਲਾਵਾ) | --- | 0.50 | --- | 0.50 | 0.50 | |
| | ਜ਼ੋੜ ਅ(1) | **383.13** | **418.00** | **107.96** | **440.75** | **543.5** | |

## 1(ii) <u>Capital Expenditure</u>

(ਰਕਮ ਲੱਖਾਂ ਵਿੱਚ)

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 1. | ਫਰਨੀਚਰ/ ਫਿਕਸਚਰ , ਏ.ਸੀ.ਆਦਿ | 1.16 | 3.00 | 3.70 | 10.00 | 20.00 | |
| 2. | ਕੰਪਿਊਟਰ/ ਫੋਟੋਸਟੇਟ ਮਸੀਨ ਦੀ ਖ੍ਰੀਦ ਅਤੇ ਕੰਪਿਊਟ੍ਰਾਈਜੇਸ਼ਨ ਆਦਿ | 5.34 | 10.00 | 43.03 | 50.00 | 20.00 | |
| 3 | ਗਡੀਆਂ ਦੀ ਖ੍ਰੀਦ | 11.62 | 0 | 0 | 0 | 0 | |
| ਜੋੜ ਅ(2) | | 18.12 | 13.00 | 46.73 | 60.00 | 40.00 | |

## ‘ੲ’ ਕਿਰਤ ਭਲਾਈ ਸਕੀਮਾਂ

(ਰਕਮ ਲੱਖਾਂ ਵਿੱਚ)

| ਸਕੀਮ ਦਾ ਨਾਂ | ਸਾਲ 2015-16 ਦਾ ਅਸਲ ਖਰਚਾ | ਅਨੁਮਾਨਤ ਬੱਜਟ ਸਾਲ 2016-17 | ਅਸਲ ਖਰਚਾ (1.4.2016 ਤੋਂ 30.09.2016 ) | ਸੋਧਿਆ ਬੱਜਟ ਸਾਲ 2016-17 | ਅਨੁਮਾਨਤ ਬੱਜਟ 2017-18 | ਵਿਸ਼ੇਸ ਕੱਥਨ |
|---|---|---|---|---|---|---|
| 1 | 2 | 3 | 4 | 5 | 6 | 7 |
| 1. ਉਸਾਰੀ ਕਿਰਤੀਆਂ ਲਈ ਵੱਡੀ ਪੱਧਰ ਤੇ ਲਗਾਏ ਜਾਂਦੇ ਕੈਂਪ। | - | 2.00 | 3.28 | 10.00 | 10.00 | |
| 2. ਐਕਸਗ੍ਰੇਸ਼ੀਆ ਸਕੀਮ | 510.30 | 800.00 | 918.50 | 2000.00 | 2500.00 | |
| 3. ਵਜੀਫਾ ਸਕੀਮ | 2138.00 | 3000.00 | 2039.10 | 4200.00 | 5000.00 | |
| 4. ਉਸਾਰੀ ਕਿਰਤੀਆਂ ਅਤੇ ਉਹਨਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਦੀ ਪ੍ਰਤਿ ਪੂਰਤੀ ਬਾਰੇ ਸਕੀਮ | 10.74 | 15.00 | 14.51 | 30.00 | 35.00 | |
| 5. ਐਡਵਰਟਾਈਜ਼ਮੈਂਟ ਅਤੇ ਫਾਰਮ ਅਤੇ ਕਾਪੀਆਂ ਦੀ ਛਪਾਈ (ਭਲਾਈ ਸਕੀਮਾਂ ਦੀ ਪਬਲਿਸਿਟੀ ਲਈ) | 125.06 | 100.00 | 6.00 | 125.00 | 150.00 | |
| 6. ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ₹ 31,000/- | 573.54 | 1000.00 | 660.20 | 1300.00 | 1500.00 | |
| 7. ਪੰਜੀਕ੍ਰਿਤ ਉਸਾਰੀ ਕਿਰਤੀਆਂਨੂੰ ਛੁਟੀ ਦੌਰਾਨ ਯਾਤਰਾ ਲਈ ਸਹੂਲਤ ₹ 2,000/- (ਐਲ.ਟੀ. ਸੀ) | 96.98 | 300.00 | 65.27 | 200.00 | 250.00 | |
| 8. ਪੰਜੀਕ੍ਰਿਤ ਉਸਾਰੀ ਕਿਰਤੀ ਦੀ ਜਾਂ ਕਿਸੇ ਪਰਿਵਾਰਿਕ ਮੈਂਬਰ ਦੀ ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਉਸਦੇ ਦਾਹ ਸੰਸਕਾਰ ਲਈ 20000/-ਤਕ ਵਿਤੀ ਸਹਾਇਤਾ | 60.70 | 75.00 | 110.10 | 240.00 | 280.00 | |
| 9. ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡਾਂ ਦੀ ਉਸਾਰੀ/ਰੈਨ-ਬਸੇਰਿਆਂ ਦੀ ਉਸਾਰੀ | 20.00 | 500.00 | --- | - | - | |
| 10. ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ | 3126.76 | 5000.00 | 1198.78 | 3000.00 | 1000.00 | ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਮੁਹਾਲੀ ਵਿਖੇ ਸਕਿਲ ਡਿਵਲਪਮੈਂਟ ਸੈਂਟਰ ਲਈ ਜਗ੍ਹਾਂ ਖ੍ਰੀਦਣ ਲਈ ਅਤੇ ਬਿਲਡਿੰਗਾਂ ਬਨਾਉਣ ਲਈ |

| | | | | | | |
|---|---|---|---|---|---|---|
| 11. ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਭਗਤ ਪੂਰਣ ਸਿੰਘ ਬੀਮਾ ਸਕੀਮ। | - | 1500.00 | 16.41 | 400.00 | 800.00 | |
| 12. ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਵਾਸਤੇ ਵਿੱਤੀ ਸਹਾਇਤਾ ਸਕੀਮ 50,000/- ਰੁਪਏ | 26.82 | 40.00 | 24.28 | 35.00 | 40.00 | |
| 13.ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ 'ਐਨਕ', 'ਦੰਦ' ਅਤੇ 'ਸੁਣਨ-ਯੰਤਰ' ਲਗਵਾਉਣ ਲਈ 'ਵਿੱਤੀ ਸਹਾਇਤਾ' ਦੇਣ ਬਾਰੇ ਸਕੀਮ। | 1.50 | 20.00 | 0.58 | 2.00 | 2.50 | |
| 14.ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਪੈਨਸ਼ਨ ਸਕੀਮ। | 5000.00 | 7500.00 | - | 7500.00 | 7500.00 | |
| 15. ਉਸਾਰੀ ਕੰਮਾਂ ਵਿਚ ਲੱਗੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਪ੍ਰਸੂਤਾ ਲਾਭ ਸਕੀਮ 21000/- | 5.40 | 20.00 | 14.14 | 30.00 | 40.00 | |
| 16. ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਅਤੇ ਉਹਨਾਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ | - | 600.00 | 229.16 | 500.00 | 600.00 | |
| 17. ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ 20000/- **ਸਾਲਾਨਾ** ਵਿਤੀ ਸਹਾਇਤਾ ਸਕੀਮ। | - | 20.00 | 1.60 | 3.50 | 4.00 | |
| 18. ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜਾਰ) ਖਰੀਦਣ ਲਈ 5000/-ਵਿਤੀ ਸਹਾਇਤਾ ਦੇਣ ਬਾਰੇ ਭਲਾਈ ਸਕੀਮ। | - | 20.00 | - | 5.00 | 10.00 | |
| 19. ਮੋਬਾਇਲ ਲੈਬ ਸਕੀਮ।(ਸਿਲੀਕਾਸਸ) | 0.48 | 10.00 | 0.12 | 1.00 | 1.50 | |
| 20. **ਬਾਲੜੀ ਤੋਹਫਾ ਸਕੀਮ** 51000/- **ਰੁਪੈ ਦੀ ਐਫ.ਡੀ.ਆਰ।** | - | - | - | 70.00 | 200.00 | |
| 21**. ਅਰਬਨ ਹੈਲਥ ਕਿਆਸਕ ਸਕੀਮ** | **12.60** | **-** | **-** | **51.00** | 60.00 | |
| 22. ਭਵਿੱਖ ਵਿਚ ਬਣਾਈਆਂ ਜਾਣ ਵਾਲੀਆਂ ਹੋਰ ਭਲਾਈ ਸਕੀਮਾਂ | - | 500.00 | - | 100.00 | 500.00 | |
| **ਜੋੜ ੲ** | **11708.88** | **21022.00** | **5302.03** | **19802.50** | 20483.00 | |
| **ਕੁਲ ਜੋੜ ਅ(1)+ਅ(2)+ੲ** | **12110.13** | **21453.00** | **5456.72** | **20303.25** | 21066.50 | |

**ਅਜੰਡਾ ਆਈਟਮ ਨੰ: 5** **ਬੋਰਡ ਦੇ ਸਾਲ 2015-16 ਦੇ ਤਿਆਰ ਕੀਤੇ ਲੇਖੇ (Balance Sheet) ਦੀ ਪ੍ਰਵਾਨਗੀ ਬਾਰੇ।**

ਬੋਰਡ ਵਲੋਂ ਸਾਲ ਦੀ 2015-16 ਦੀ ਬੇਲੈਂਸ ਸ਼ੀਟ, ਆਮਦਨ ਅਤੇ ਖਰਚਾ ਸਟੇਟਮੈਂਟ ਅਤੇ ਪ੍ਰਾਪਤੀ ਅਤੇ ਅਦਾਇਗੀ ਸਟੇਟਮੈਂਟ ਘੋਖਣ ਉਪਰੰਤ ਪ੍ਰਵਾਨ ਕੀਤੀ ਗਈ।

**ਅਜੰਡਾ ਆਈਟਮ ਨੰ: 6** **ਪੰਜਾਬ ਬੀ.ਓ.ਸੀ ਡਬਲਿਯੂ ਵੈਲਫੇਅਰ ਬੋਰਡ ਵਲੋਂ ਬੀ.ਓ.ਸੀ ਡਬਲਿਯੂ ਐਕਟ 1996 ਅਧੀਨ ਪੰਜਾਬ ਉਸਾਰੀ ਕਿਰਤੀਆਂ ਦੇ ਬਚਿੱਆਂ ਨੂੰ ਦੇਣ ਵਾਲੀ ਵਜੀਫਾ ਸਕੀਮ, ਸਗਨ ਸਕੀਮ ਅਤੇ ਸਾਈਕਲ ਸਕੀਮ ਵਿਚ ਡਬਲ ਬੈਨੀਫਿਟ ਦੇਣ ਬਾਰੇ।**

ਇਸ ਅਜੰਡਾ ਆਈਟਮ ਤੇ ਯੋਗ ਫੈਸਲਾ ਲੈਣ ਲਈ ਬੋਰਡ ਮੈਂਬਰਾਂ ਵਲੋਂ ਹੇਠ ਲਿਖੇ ਨੁੱਕਤੇ ਵਿਚਾਰੇ ਗਏ: -

ੳ) ਬੋਰਡ ਵਲੋਂ 8ਵੀਂ ਮੀਟਿੰਗ ਮਿਤੀ 8.3.2013 ਵਿੱਚ ਫੈਸਲਾ ਲਿਆ ਗਿਆ ਸੀ ਕਿ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਨੂੰ ਭਾਵੇਂ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾਂ ਤੋਂ ਕੋਈ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਸ ਨੂੰ ਬੋਰਡ ਦੀਆਂ ਸਕੀਮਾਂ ਦਾ ਪੂਰਾ ਲਾਭ ਦਿਤਾ ਜਾਵੇਗਾ।

ਅ) ਬੀ.ਓ.ਸੀ.ਡਬਲਿਯੂ ਐਕਟ, 1996 ਅਤੇ ਪੰਜਾਬ ਬੀ.ਓ.ਸੀ.ਡਬਲਿਯੂ ਰੂਲਜ਼, 2008 ਦੇ ਅਧੀਨ ਅਜਿਹੀ ਕੋਈ ਮਨਾਹੀ ਨਹੀਂ ਹੈ ਕਿ ਜੇਕਰ ਉਸਾਰੀ ਕਿਰਤੀ ਕਿਸੇ ਹੋਰ ਸੰਸਥਾ ਤੋਂ ਲਾਭ ਲੈਂਦਾ ਹੈ ਤਾਂ ਉਸ ਨੂੰ ਬੋਰਡ ਵਲੋਂ ਲਾਭ ਨਾ ਦਿਤਾ ਜਾਵੇ।

ੲ) ਬੀ.ਓ.ਸੀ.ਡਬਲਿਯੂ ਐਕਟ, 1996 ਦੇ ਸੈਕਸ਼ਨ 63 ਅਧੀਨ ਇਹ ਉਪਬੰਧ ਹੈ:-

> **63. Saving of certain laws.- Nothing contained in this Act shall affect the operation of any corresponding law in a State providing welfare schemes which are more beneficial to the building and other construction workers than those provided for them by or under this Act.**

ਇਸ ਤੋਂ ਸਪਸ਼ਟ ਹੈ ਕਿ ਬੀ.ਓ.ਸੀ.ਡਬਲਿਊ ਐਕਟ, 1996 ਦੀ ਮਨਸ਼ਾ ਇਹ ਹੈ ਕਿ ਜੇਕਰ ਰਾਜ ਸਰਕਾਰ ਨੇ ਉਸਾਰੀ ਕਿਰਤੀਆਂ ਲਈ ਕੋਈ ਆਪਣੀ ਪੱਧਰ ਤੇ ਜਿਆਦਾ ਫਾਇਦੇਮੰਦ ਸਕੀਮਾਂ ਬਣਾਈਆਂ ਹੋਣ ਤਾਂ ਵੀ ਬੀ.ਓ.ਸੀ.ਬਡਲਿਯੂ ਐਕਟ, 1996 ਦੇ ਉਪਬੰਧ ਲਾਗੂ ਹੋਣਗੇ। ਭਾਵ ਭਾਵੇਂ ਪੰਜਾਬ ਸਰਕਾਰ ਜਾਂ ਉਸਦੀ ਕੋਈ ਸੰਸਥਾ ਉਸਾਰੀ ਕਿਰਤੀਆਂ ਨੂੰ ਅਜਿਹੇ ਲਾਭ ਦਿੰਦੀ ਹੋਵੇ ਤਾਂ ਵੀ ਬੋਰਡ ਵਲੋਂ ਇਹ ਲਾਭ ਦਿਤੇ ਜਾਣਗੇ।

ਸ) ਇਹ ਕਿ ਬੀ.ਓ.ਸੀ.ਡਬਲਿਯੂ ਐਕਟ, 1996 ਦੇ ਉਪਬੰਧਾਂ ਅਨੁਸਾਰ ਬੋਰਡ ਪਾਸ ਜੋ ਉਸਾਰੀ ਅਦਾਰਿਆਂ ਪਾਸੋ ਸੈਸ ਪ੍ਰਾਪਤ ਹੁੰਦਾ ਹੈ ਉਹ ਸਿਰਫ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਜੀਵਨ ਦੇ ਮਿਆਰ ਵਿਚ ਸੁਧਾਰ ਲਿਆਉਣ ਲਈ ਹੀ ਵਰਤਿਆਂ ਜਾਣਾ ਹੈ। ਭਾਵੇਂ ਪੰਜਾਬ ਸਰਕਾਰ ਵਲੋਂ ਵੱਖ-ਵੱਖ ਸਮਾਜ ਭਲਾਈ ਸਕੀਮਾਂ ਅਧੀਨ ਦੂਸਰੇ ਕਮਜ਼ੋਰ ਵਰਗਾਂ ਦੇ ਨਾਲ-ਨਾਲ ਉਸਾਰੀ ਵਰਗ ਦੇ ਕਿਰਤੀਆਂ ਨੂੰ ਵੀ ਵਿੱਤੀ ਲਾਭ ਦਿੱਤੇ ਜਾਂਦੇ ਹਨ ਪ੍ਰੰਤੂ ਉਸਾਰੀ ਵਰਗ ਦੇ ਕਿਰਤੀ ਬਹੁਤ ਗਰੀਬ ਅਤੇ ਪਿੱਛੜੇ ਹੋਏ ਹੁੰਦੇ ਹਨ ਇਸ ਲਈ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਤੋਂ ਇਲਾਵਾ ਬੋਰਡ ਵਲੋਂ ਵੱਧ ਤੋਂ ਵੱਧ ਸਕੀਮਾਂ ਬਣਾਕੇ ਉਸਾਰੀ ਕਿਰਤੀਆਂ ਨੂੰ ਵਿੱਤੀ ਲਾਭ ਦਿੱਤੇ ਜਾਣ ਤਾਂ ਜੋ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਵਨ ਦੇ ਮਿਆਰ ਵਿਚ ਸੁਧਾਰ ਲਿਆਂਦਾ ਜਾ ਸਕੇ।

ਹ) ਇਹ ਕਿ ਬੋਰਡ ਦੀਆਂ ਮੌਕੇ-ਮੌਕੇ ਤੇ ਬਣਾਈਆ ਗਈਆਂ ਭਲਾਈ ਸਕੀਮਾਂ, ਸਮੇਤ ਬੋਰਡ ਵਲੋਂ ਮਿਤੀ 8.3.2013 ਨੂੰ 8ਵੀਂ ਮੀਟਿੰਗ ਵਿਚ ਵਜੀਫੇ ਸਬੰਧੀ ਬਣਾਈ ਸਕੀਮ, ਬਾਰੇ ਕੇਂਦਰ ਸਰਕਾਰ ਨੂੰ ਸਮੇਂ-ਸਮੇਂ ਤੇ ਸੂਚਿਤ ਕੀਤਾ ਜਾਂਦਾ ਰਿਹਾ ਹੈ ਅਤੇ ਕੇਂਦਰ ਸਰਕਾਰ ਵਲੋਂ ਕੋਈ ਇਤਰਾਜ ਨਹੀਂ ਕੀਤਾ ਗਿਆ।

ਉਪਰੋਕਤ ਸਾਰੇ ਮੁੱਦਿਆ ਨੂੰ ਵਿਚਾਰਦੇ ਹੋਏ ਬੋਰਡ ਵਲੋਂ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਉਸਾਰੀ ਕਿਰਤੀਆਂ ਨੂੰ ਵਜੀਫਾ, ਸ਼ਗਨ ਅਤੇ ਸਾਈਕਲ ਸਕੀਮ ਅਧੀਨ ਦਿੱਤੇ ਜਾਂਦੇ ਵਿੱਤੀ ਲਾਭ ਇਸ ਕਰਕੇ ਨਹੀਂ ਰੋਕਣੇ ਬਣਦੇ ਕਿ ਉਸਾਰੀ ਕਿਰਤੀ ਪੰਜਾਬ ਸਰਕਾਰ ਜਾਂ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਤੋਂ ਅਜਿਹਾ ਵਿੱਤੀ ਲਾਭ ਲੈ ਰਿਹਾ ਹੋਵੇ। ਬੋਰਡ ਵਲੋਂ ਫੈਸਲਾ ਕੀਤਾ ਗਿਆ ਕਿ ਵਜੀਫਾ, ਸ਼ਗਨ ਅਤੇ ਸਾਈਕਲ ਸਕੀਮ ਸਬੰਧੀ no double benefit ਦੀ ਸ਼ਰਤ, ਜ਼ੋ ਕਿ ਬੋਰਡ ਦੀ ਮੀਟਿੰਗ ਮਿਤੀ 19.7.2016 ਅਤੇ ਮਿਤੀ 24.8.2016 ਨੂੰ ਲਗਾਈ ਗਈ ਸੀ, ਉਸਨੂੰ ਖਤਮ ਕੀਤਾ ਜਾਂਦਾ ਹੈ ਅਤੇ ਮਿਤੀ 19.7.2016 ਦੇ ਫੈਸਲੇ ਤੋਂ ਪਹਿਲਾਂ ਵਾਲੀ ਸਥਿਤੀ ਨੂੰ ਬਹਾਲ ਕਰਦੇ ਹੋਏ ਉਸਾਰੀ ਕਿਰਤੀਆਂ ਦੀ ਵਜੀਫਾ, ਸ਼ਗਨ ਅਤੇ ਸਾਈਕਲ ਸਕੀਮ ਸਬੰਧੀ ਸਾਰੇ ਨਵੇਂ/ਪੁਰਾਣੇ ਕੇਸ ਪਾਸ ਕੀਤੇ ਜਾਣ। ਇਹ ਵੀ ਫੈਸਲਾ ਕੀਤਾ ਗਿਆ ਕਿ ਬੋਰਡ ਦੇ ਇਸ ਫੈਸਲੇ ਬਾਰੇ ਕੇਂਦਰ ਸਰਕਾਰ ਨੂੰ ਸੂਚਿਤ ਕੀਤਾ ਜਾਵੇ।

**ਅਜੰਡਾ ਆਈਟਮ ਨੰ: 7** — **ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸਨ ਵਰਕਰਜ ਵੈਲਫੇਅਰ ਬੋਰਡ ਵਿਚ ਰਿਟਾਇਰਮੈਂਟ ਤੋਂ ਬਾਦ ਰੱਖੇ ਕਰਮਚਾਰੀਆਂ ਦੀ ਸੇਵਾ ਕਰਨ ਦੀ ਉਪਰਲੀ ਸੀਮਾ ਨਿਰਧਾਰਤ ਕਰਨ ਬਾਰੇ।**

ਇਸ ਮੁੱਦੇ ਤੇ ਬੋਰਡ ਵਲੋਂ ਵਿਚਾਰ ਕਰਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਬੋਰਡ ਪਾਸ ਰਿਟਾਇਰਮੈਂਟ ਉਪਰੰਤ ਦੁਬਾਰਾ ਕੰਮ ਕਰ ਰਹੇ ਅਧਿਕਾਰੀਆਂ ਦੀ ਉਮਰ 65 ਸਾਲ ਤੱਕ ਹੀ ਸੀਮਿਤ ਰੱਖੀ ਜਾਵੇ।

**ਅਜੰਡਾ ਆਈਟਮ ਨੰ: 8** — **ਬੋਰਡ ਵਿੱਚ ਆਊਟਸੋਰਸਿੰਗ ਏਜੰਸੀ ਰਾਹੀਂ ਰਖੇ ਕਰਮਚਾਰੀਆਂ ਨੂੰ ਤਿੰਨ ਸਾਲ/ਪੰਜ ਸਾਲ ਦੀ ਲਗਾਤਾਰ ਸੇਵਾ ਕਰਨ ਉਪਰੰਤ ਵਿਸ਼ੇਸ਼ ਭੱਤਾ ਦੇਣ ਬਾਰੇ।**

ਇਸ ਮੁੱਦੇ ਤੇ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਕਿ ਬੋਰਡ ਵਿਚ ਆਉਟਸੋਰਸਿੰਗ ਏਜੰਸੀ ਰਾਹੀਂ ਭਰਤੀ ਕੀਤੇ ਗਏ ਕਰਮਚਾਰੀ ਜਿਨ੍ਹਾਂ ਦੀ ਇਕ ਹੀ ਪੋਸਟ ਤੇ ਲਗਾਤਾਰ 3 ਸਾਲ ਦੀ ਸਰਵਿਸ ਪੂਰੀ ਹੋ ਗਈ ਹੈ, ਉਨ੍ਹਾਂ ਨੂੰ 1000/- ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਭੱਤਾ ਬੋਰਡ ਵਲੋਂ ਦਿਤਾ ਜਾਵੇਗਾ। ਇਸੇ ਤਰ੍ਹਾਂ ਆਉਟਸੋਰਸਿੰਗ ਏਜੰਸੀ ਰਾਹੀਂ ਭਰਤੀ ਕੀਤੇ ਗਏ ਅਜਿਹੇ ਕਰਮਚਾਰੀ ਜਿਨ੍ਹਾਂ ਨੂੰ ਇਕ ਹੀ ਪੋਸਟ ਤੇ ਲਗਾਤਾਰ 5 ਸਾਲ ਦੀ ਸਰਵਿਸ ਪੂਰੀ ਹੋ ਗਈ ਹੈ, ਅਜਿਹੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਪਹਿਲਾਂ ਤਿੰਨ ਸਾਲ ਦੀ ਸੇਵਾ ਪੂਰਤੀ ਵੇਲੇ 1000/- ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਭੱਤੇ ਨੂੰ ਸ਼ਾਮਲ (include) ਕਰਦੇ ਹੋਏ 1000/- ਪ੍ਰਤੀ ਮਹੀਨਾ ਹੋਰ ਵਿਸ਼ੇਸ਼ ਭੱਤਾ ਦਿੱਤਾ ਜਾਵੇਗਾ ਅਤੇ ਇਸ ਤਰ੍ਹਾ ਕੁੱਲ 2000/- (1000+1000) ਪ੍ਰਤੀ ਮਹੀਨਾ ਵਿਸ਼ੇਸ਼ ਭੱਤਾ ਦਿੱਤਾ ਜਾਵੇਗਾ।

**ਅਜੰਡਾ ਆਈਟਮ ਨੰ: 9** — **Funding in Pension Scheme for BOCWs Master Policy No.102000240.**

ਬੋਰਡ ਵਲੋਂ ਇਸ ਅਜੰਡਾ ਆਈਟਮ ਨੂੰ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਕਿ ਕਿਉਂ ਜ਼ੋ ਬੋਰਡ ਦੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਵਿਚ ਕਾਫੀ ਵਾਧਾ ਹੋਇਆ ਹੈ ਅਤੇ ਪ੍ਰਤੀ ਲਾਭਪਾਤਰੀ ਪੈਨਸ਼ਨ ਦੀ ਰਕਮ ਵਿਚ ਜ਼ੋ ਪਹਿਲਾਂ ਘਟ ਤੋਂ ਘੱਟ 12000/- ਰੁਪਏ ਸਲਾਨਾ ਅਤੇ ਵੱਧ ਤੋਂ ਵੱਧ 24000/- ਰੁਪਏ ਸਲਾਨਾ ਸੀ ਉਹ ਵਧਾ ਕੇ 2000/- ਰੁਪਏ ਪ੍ਰਤੀ ਮਹੀਨਾ ਕਰ ਦਿਤੀ ਗਈ ਹੈ। ਇਸ ਲਈ ਬੋਰਡ ਵਲੋਂ ਐਲ.ਆਈ.ਸੀ ਪਾਸ ਚਲਾਏ ਗਏ ਪੈਨਸ਼ਨ ਫੰਡ ਵਿਚ ਵਿਤੀ ਸਾਲ 2016-17 ਦੌਰਾਨ 75 ਕਰੋੜ ਰੁਪਏ ਹੋਰ ਜਮਾਂ ਕਰਵਾ ਦਿਤੇ ਜਾਣ। ਬੋਰਡ ਪਾਸ ਜਿਵੇਂ ਜਿਵੇਂ ਐਫ.ਡੀ.ਆਰਜ ਦੀ ਰਕਮ ਮਚਿਉਰ ਹੁੰਦੀ ਹੈ ਜਾਂ ਸੈਸ ਦੀ ਰਕਮ ਜਮਾਂ ਹੁੰਦੀ ਹੈ ਉਸ ਅਨੁਸਾਰ ਰਕਮ ਜਮਾਂ ਕਰਵਾ ਦਿੱਤੀ ਜਾਵੇ।

**ਅਜੰਡਾ ਆਈਟਮ ਨੰ: 10** **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਹੈਲਥ ਕਾਰਡ ਰਿਨਿਊ ਕਰਨ ਲਈ ਉਸਾਰੀ ਕਿਰਤੀਆਂ ਦੀ ਬੋਰਡ ਨਾਲ ਮੈਂਬਰਸਿਪ ਚਾਲੂ ਰੱਖਣ ਸਬੰਧੀ।**

ਇਹ ਅਜੰਡਾ ਆਈਟਮ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਕਿ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਜ਼ੋ ਮਿਤੀ 1.11.2016 ਤੋ ਇਕ ਸਾਲ ਚਲਾਈ ਗਈ ਹੈ ਲਈ:-

ੳ) ਅੱਜ ਦੀ ਸਥਿਤੀ ਵਿਚ 65659 ਉਸਾਰੀ ਕਿਰਤੀਆਂ ਨੂੰ ਜਿਨ੍ਹਾਂ ਦੇ ਪਹਿਲਾਂ ਤੋਂ ਜਾਰੀ ਕੀਤੇ ਹੈਲਥ ਕਾਰਡ ਚਲ ਰਹੇ ਹਨ ਉਨ੍ਹਾਂ ਦੇ ਹੈਲਥ ਕਾਰਡ ਰਨਿਊ ਕਰਵਾ ਲਏ ਜਾਣ।

ਅ) 24800 ਉਸਾਰੀ ਕਿਰਤੀ ਜਿਨ੍ਹਾਂ ਦਾ ਨਵਾਂ ਡਾਟਾ ਅਪਲੋਡ ਹੋਇਆ ਹੈ ਉਨ੍ਹਾਂ ਦੀ ਵੀ ਅਗਲੇ ਸਾਲ ਲਈ ਹੈਲਥ ਕਾਰਡ ਪ੍ਰਿੰਟ ਕਰਵਾ ਲਏ ਜਾਣ।

ੲ) ਕਿਉਂਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਇਕ ਲਗਾਤਾਰ ਚਲਣ ਵਾਲੀ ਪ੍ਰੀਕ੍ਰਿਆ ਹੈ ਇਸ ਲਈ ਆਉਣ ਵਾਲੇ ਸਮੇਂ ਵਿਚ pro-rata basis ਤੇ ਹੈਲਥ ਕਾਰਡ ਪ੍ਰਿੰਟ ਕਰਵਾਣੇ ਜਾਣ।

**ਅਜੰਡਾ ਆਈਟਮ ਨੰ: 11** **ਸ੍ਰੀ ਬੀਰਇੰਦਰਜੀਤ ਸਿੰਘ ਪ੍ਰੋਜੈਕਟ ਡਾਇਰੈਕਟਰ-ਕਮ-ੳ.ਐਸ.ਡੀ/ ਕਿਰਤ ਮੰਤਰੀ ਪੰਜਾਬ ਜ਼ੋ ਚੇਅਰਮੈਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਚੰਡੀਗੜ੍ਹ ਵੀ ਹਨ, ਦੀ ਨਿਯੁਕਤੀ ਦੇ ਸਮੇਂ ਵਿੱਚ ਵਾਧਾ ਕਰਨ ਬਾਰੇ।**

ਬੋਰਡ ਵਲੋਂ ਅਜੰਡਾ ਆਈਟਮ ਵਿਚਾਰਨ ਉਪਰੰਤ ਸ੍ਰੀ ਬੀਰਇੰਦਰਜੀਤ ਸਿੰਘ ਪ੍ਰੋਜ਼ੈਕਟ ਡਾਇਰੈਕਟਰ-ਕਮ-ੳ.ਐਸ.ਡੀ ਟੂ ਕਿਰਤ ਮੰਤਰੀ ਪੰਜਾਬ ਦੀਆਂ ਬੋਰਡ ਵਿਚ ਕੀਤੀਆ ਜਾ ਰਹੀਆਂ ਸੇਵਾਵਾਂ ਵਿਚ ਮਿਤੀ 28.1.2017 ਤੋਂ ਅੱਗੇ ਹੋਰ ਇਕ ਸਾਲ ਲਈ ਭਾਵ ਮਿਤੀ 27.1.2018 ਤੱਕ ਵਾਧਾ ਕੀਤਾ ਗਿਆ।

**ਅਜੰਡਾ ਆਈਟਮ ਨੰ: 12** **ਸ੍ਰੀ ਸੁੱਚਾ ਸਿੰਘ ਬਾਂਡੀ ਡਿਪਟੀ ਸਕੱਤਰ ਦੀ ਨਿਯੁਕਤੀ ਵਿਚ ਵਾਧਾ ਕਰਨ ਬਾਰੇ।**

ਬੋਰਡ ਵਲੋਂ ਅਜੰਡਾ ਆਈਟਮ ਵਿਚਾਰਨ ਉਪਰੰਤ ਸ੍ਰੀ ਸੁੱਚਾ ਸਿੰਘ ਬਾਂਡੀ, ਡਿਪਟੀ ਸਕੱਤਰ ਬੋਰਡ ਦੀਆਂ ਬੋਰਡ ਵਿਚ ਕੀਤੀਆ ਜਾ ਰਹੀਆਂ ਸੇਵਾਵਾਂ ਵਿਚ ਮਿਤੀ 12.12.2016 ਤੋਂ ਅੱਗੇ ਹੋਰ ਇਕ ਸਾਲ ਲਈ ਭਾਵ ਮਿਤੀ 12.12.2017 ਤੱਕ ਵਾਧਾ ਕੀਤਾ ਗਿਆ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1** **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਹੈਲਥ ਕਾਰਡਾਂ ਦੀ ਬੀਮਾ ਕੰਪਨੀ ਦੁਆਰਾ ਪ੍ਰਿਟਿੰਗ ਕਰਵਾਉਣ ਲਈ ਡਾਟਾ portal ਤੇ ਅਪਲੋਡ ਕਰਨ ਲਈ ਮਿਨੀਮਮ ਵੇਜ਼ਿਜ ਦੇ ਅਧਾਰ ਤੇ ਡਾਟਾ ਐਂਟਰੀ ਅਪਰੇਟਰ ਰੱਖਣ ਬਾਰੇ।**

ਇਸ ਸਪਲੀਮੈਂਟਰੀ ਅਜੰਡਾ ਆਈਟਮ ਨੂੰ ਬੋਰਡ ਵਲੋਂ ਵਿਚਾਰਿਆ ਗਿਆ ਅਤੇ ਕਿਰਤ ਵਿਭਾਗ ਦੇ 25 ਸਰਕਲਾਂ ਵਿਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਲਾਭਪਾਤਰੀਆਂ ਦਾ ਡਾਟਾ ਇਕੱਠਾ ਕਰਨ ਲਈ ਹਰੇਕ ਸਰਕਲ ਵਿਚ ਦੋ ਡਾਟਾ ਐਂਟਰੀ ਆਪਰੇਟਰ ਇਕ ਮਹੀਨੇ ਲਈ ਮਿਨੀਮਮ ਵੇਜ਼ਿਜ ਦੇ ਆਧਾਰ ਤੇ ਰੱਖਣ ਦੀ ਸਕੱਤਰ ਬੋਰਡ ਵਲੋਂ ਦਿਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ। ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਯੂਨਾਈਟਡ ਇੰਡੀਆ ਇੰਸੋਰੈਂਸ ਕੰਪਨੀ ਵਲੋਂ 6544 ਹੈਲਥ ਕਾਰਡ ਪ੍ਰਿੰਟ ਕਰਕੇ ਦਿਤੇ ਗਏ ਹਨ ਜਿਨ੍ਹਾਂ ਦੀ ਲਾਭਪਾਤਰੀਆਂ ਨੂੰ ਵੰਡ ਕੀਤੀ ਜਾਣੀ ਹੈ ਅਤੇ ਜੋ ਨਵੇਂ ਲਾਭਪਾਤਰੀ ਰਜਿਸਟਰ ਹੁੰਦੇ ਹਨ ਉਨ੍ਹਾਂ ਦਾ ਡਾਟਾ ਵੀ ਅਪਲੋਡ ਕੀਤਾ ਜਾ ਰਿਹਾ ਹੈ ਇਸ ਲਈ ਇਨ੍ਹਾਂ ਭਰਤੀ ਕੀਤੇ ਡਾਟਾ ਐਂਟਰੀ ਆਪਰੇਟਰਾਂ ਨੂੰ ਇਕ ਮਹੀਨੇ ਦੀ ਬਜਾਏ ਕੁੱਲ ਤਿੰਨ ਮਹੀਨੇ ਤੱਕ ਇਸ ਕੰਮ ਲਈ ਰੱਖਣ ਦੀ ਲੋੜ ਹੈ। ਬੋਰਡ ਵਲੋਂ 25 ਸਰਕਲਾਂ ਲਈ ਹਰੇਕ ਸਰਕਲ ਵਿਚ

ਦੋ ਡਾਟਾ ਐਂਟਰੀ ਆਪਰੇਟਰ ਪ੍ਰਤੀ ਮਹੀਨਾ ਮਿਨੀਮਮ ਵੇਜ਼ਿਜ 9136/- ਰੁਪਏ ਅਨੁਸਾਰ ਕੁਲ ਤਿੰਨ ਮਹੀਨਿਆਂ ਲਈ ਰੱਖਣ ਦੀ ਤਜਵੀਜ ਨੂੰ ਪ੍ਰਵਾਨਗੀ ਦੇ ਦਿੱਤੀ ਗਈ

**ਸਪਲੀਮੈਂਟਰੀ ਅਜੰਡਾ ਆਈਟਮ ਨੰ: 2** **92.7 ਐਫ.ਐਮ. ਰਾਹੀਂ ਭਲਾਈ ਸਕੀਮਾਂ ਦਾ ਪ੍ਰਸਾਰਣ ਕਰਵਾਉਣ ਸਬੰਧੀ।**

ਬੋਰਡ ਵਲੋਂ ਇਸ ਅਜੰਡਾ ਆਈਟਮ ਨੂੰ ਵਿਚਾਰਨ ਉਪਰੰਤ ਬਿਗ ਐਫ.ਐਮ 92.7 ਰਾਹੀਂ ਭਲਾਈ ਸਕੀਮਾਂ ਦਾ ਪ੍ਰਚਾਰ ਕਰਨ ਦੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ। ਇਸ ਐਫ.ਐਮ ਚੈਨਲ ਰਾਹੀ ਜੋ ਪ੍ਰਸਾਰਨ ਹੋਵੇਗਾ ਉਹ ਲੋਕ ਸੰਪਰਕ ਵਿਭਾਗ ਵਲੋਂ ਅਪਨਾਏ ਗਏ DAVP ਰੇਟਾਂ ਅਨੁਸਾਰ ਹੋਵੇਗਾ ਅਤੇ ਉਨ੍ਹਾਂ ਨੂੰ ਪ੍ਰਸਾਰਨ ਕਰਨ ਸਬੰਧੀ ਆਰਡਰ ਲੋਕ ਸੰਪਰਕ ਵਿਭਾਗ ਪੰਜਾਬ ਰਾਹੀਂ ਦਿੱਤਾ ਜਾਵੇਗਾ।

ਬੋਰਡ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਭਲਾਈ ਸਕੀਮਾਂ ਦਾ 92.7 ਐਫ.ਐਮ ਤੋਂ ਪ੍ਰਸਾਰਨ ਪੰਜਾਬੀ ਤੋਂ ਇਲਾਵਾ ਹਿੰਦੀ ਭਾਸ਼ਾ ਵਿੱਚ ਵੀ ਕਰਵਾਇਆ ਜਾਵੇ। ਇਹ ਵੀ ਫੈਸਲਾ ਲਿਆ ਗਿਆ ਕਿ ਲਾਭਪਾਤਰੀਆਂ ਨੂੰ ਬੋਰਡ ਦੀਆਂ ਭਲਾਈ ਸਕੀਮਾਂ ਦੀ ਜਾਣਕਾਰੀ ਦੇਣ ਲਈ ਵੱਡੇ-ਵੱਡੇ ਬੋਰਡ ਤਿਆਰ ਕਰਕੇ ਰੇਲਵੇ ਸਟੇਸ਼ਨ, ਬੱਸ ਸਟੈਂਡ, ਹਸਪਤਾਲ, ਪ੍ਰਬੰਧਕੀ ਕੰਪਲੈਸ, ਲੇਬਰ ਚੌਂਕ ਅਤੇ ਵੱਡੀ-ਵੱਡੀ ਉਸਾਰੀ ਦੀਆਂ ਥਾਵਾਂ ਤੇ ਲਗਵਾਏ ਜਾਣ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 3** **ਉਸਾਰੀ ਕਿਰਤੀਆਂ ਨੂੰ ਬਤੌਰ ਲਾਭਪਾਤਰੀ ਰਜਿਸਟਰ ਕਰਨ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਅਧਿਕਾਰਤ ਕਰਨ ਬਾਰੇ।**

ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਮਿਤੀ 8.3.2013 ਨੂੰ ਬੋਰਡ ਵਲੋਂ 8ਵੀਂ ਮੀਟਿੰਗ ਵਿੱਚ ਪੰਚਾਇਤ ਸਕੱਤਰਾਂ ਨੂੰ ਬੋਰਡ ਦੇ ਲਾਭਪਾਤਰੀਆਂ ਨੂੰ ਰਜਿਸਟਰਡ ਕਰਨ ਦੇ ਦਿੱਤੇ ਗਏ ਅਧਿਕਾਰ ਤੁਰੰਤ ਖਤਮ ਕੀਤੇ ਜਾਣ। ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਦਾ ਜਿਹੜਾ ਕੰਮ ਪਹਿਲਾਂ ਪੰਚਾਇਤ ਸਕੱਤਰਾਂ ਵਲੋਂ ਕੀਤਾ ਜਾਂਦਾ ਸੀ ਹੁਣ ਆਉਣ ਵਾਲੇ ਸਮੇਂ ਵਿਚ ਇਹ ਕੰਮ ਕਿਰਤ ਵਿਭਾਗ ਦੇ ਅਧਿਕਾਰੀ ਜਿਵੇਂ ਕਿ ਡਿਪਟੀ ਡਾਇਰੈਕਟਰ ਆਫ ਫੈਕਟਰੀਜ਼, ਸਹਾਇਕ ਡਾਇਰੈਕਟਰ ਆਫ ਫੈਕਟਰੀਜ਼, ਸਹਾਇਕ ਕਿਰਤ ਕਮਿਸ਼ਨਰ, ਕਿਰਤ ਤੇ ਸੁਲਾਹ ਅਫਸਰ, ਕਿਰਤ ਇੰਸਪੈਕਟਰ ਗ੍ਰੇਡ-1, ਗ੍ਰੇਡ-2 ਅਤੇ ਐਲ.ਈ.ਓ-2 ਵਲੋਂ ਕੀਤਾ ਜਾਵੇਗਾ, ਜੋ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਲਈ ਬੋਰਡ ਵਲੋਂ ਪਹਿਲਾਂ ਹੀ ਅਧਿਕਾਰਤ ਹਨ।

**ਜਨਰਲ**

ਮੌਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਤਜਵੀਜ ਦਿੱਤੀ ਗਈ ਕਿ ਬੋਰਡ ਨੂੰ ਆਉਣ ਵਾਲੇ ਸਮੇਂ ਵਿੱਚ ਕੋਈ ਇੰਨਕਮ ਟੈਕਸ ਨਾ ਦੇਣਾ ਪਵੇ, ਇਸ ਲਈ ਜਰੂਰੀ ਹੈ ਕਿ ਬੋਰਡ ਨੂੰ ਇੰਨਕਮ ਟੈਕਸ ਤੋਂ ਮਿਲੀ ਛੋਟ ਸਬੰਧੀ ਸ਼ਰਤ ਕਿ ਬੋਰਡ ਨੂੰ ਹਰ ਸਾਲ ਦੀ ਆਮਦਨ ਦਾ 85% ਹਿਸਾ ਬੋਰਡ ਵਲੋਂ ਸਬੰਧਤ ਸਾਲ ਤੋਂ ਅਗਲੇ ਪੰਜ ਸਾਲਾਂ ਵਿੱਚ ਉਸਾਰੀ ਕਿਰਤੀਆਂ ਦੀ ਭਲਾਈ ਸਕੀਮਾਂ ਤੇ ਖਰਚਾ ਕਰਨਾ ਪਵੇਗਾ, ਨੂੰ ਪੂਰਾ ਕੀਤਾ ਜਾਵੇ। ਅਗਲੇ 5 ਸਾਲਾਂ ਦੀ ਸੰਭਾਵਿਤ ਸੈਸ ਕੁਲੈਕਸ਼ਨ ਨੂੰ ਮੁੱਖ ਰੱਖਦੇ ਹੋਏ, ਬੋਰਡ ਦੀਆਂ ਸਕੀਮਾਂ ਦੇ ਖਰਚੇ ਸਬੰਧੀ 85% ਦੀ ਸ਼ਰਤ ਨੂੰ ਪੂਰਾ ਕਰਨ ਲਈ ਲੋੜੀਂਦੇ ਟਾਰਗੈਟ ਪ੍ਰੋਜੈਕਟ ਕੀਤੇ ਜਾਣ। ਬੋਰਡ ਦੇ ਸਾਰੇ ਮੈਂਬਰਾਂ ਵਲੋਂ ਇਸ ਤਜਵੀਜ ਨਾਲ ਤੁਰੰਤ ਸਹਿਮਤੀ ਕਰਦੇ ਹੋਏ ਕਿਹਾ ਕਿ ਇਹ ਇਕ ਅਹਿਮ ਮੁੱਦਾ ਹੈ ਅਤੇ ਲੋੜੀਂਦੀਆਂ ਪ੍ਰੋਜੈਕਸ਼ਨਜ਼ ਕਰਨ ਲਈ ਅਤੇ ਬੋਰਡ ਦੇ ਸਲਾਨਾ ਲੇਖੇ ਤਿਆਰ ਕਰਨ, ਆਮਦਨ ਕਰ ਰਿਟਰਨ ਫਾਈਲ ਕਰਨ ਲਈ ਅਤੇ ਆਮਦਨ ਕਰ ਨਾਲ ਸਬੰਧਤ ਹੋਰ ਮਸਲਿਆਂ ਲਈ ਇਕ ਐਕਸਪਰਟ ਸੀ.ਏ ਐਨਗੇਜ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਬੋਰਡ ਨੂੰ ਇੰਨਕਮ ਟੈਕਸ ਨਾ ਦੇਣਾ ਪਵੇ।

ਅੰਤ ਵਿੱਚ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਮਕਾਨ ਉਸਾਰੀ ਅਤੇ ਸ਼ਹਿਰੀ ਵਿਭਾਗ ਅਥਾਰਿਟੀ (ਪੁੱਡਾ) ਰਾਹੀਂ ਕੇਂਦਰ ਸਰਕਾਰ ਵਲੋਂ ਚਲਾਈ ਜਾ ਰਹੀ "Housing for all" ਸਕੀਮ ਲਾਗੂ ਕੀਤੀ ਗਈ ਹੈ, ਜਿਸ ਅਧੀਨ ਪੁੱਡਾ ਵਲੋਂ 17 ਸ਼ਹਿਰਾਂ ਵਿੱਚ ਤਕਰੀਬਨ ਆਮ ਜਨਤਾ ਪਾਸੋਂ 41,000 ਅਰਜੀਆਂ ਪ੍ਰਾਪਤ ਕੀਤੀਆਂ ਹਨ ਅਤੇ ਇਨ੍ਹਾਂ ਵਿੱਚ ਉਸਾਰੀ ਕਿਰਤੀ ਵੀ ਹੋ ਸਕਦੇ ਹਨ। ਇਸ ਸਕੀਮ ਅਧੀਨ ਮਕਾਨ ਉਸਾਰੀ ਲਈ ਲਏ ਕਰਜੇ ਤੇ 10% ਸਲਾਨਾ ਦਰ ਨਾਲ ਵਿਆਜ ਦੇਣਾਂ ਪਵੇਗਾ ਜਿਸ ਵਿਚੋਂ 6.5% ਵਿਆਜ ਕੇਂਦਰ ਸਰਕਾਰ ਵਲੋਂ ਦਿੱਤਾ ਜਾਵੇਗਾ ਅਤੇ ਬਾਕੀ ਲਾਭਪਾਤਰੀ ਵਲੋਂ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਬੋਰਡ ਦੀ ਅਗਲੀ ਮੀਟਿੰਗ ਵਿੱਚ ਸਕੀਮ ਤਿਆਰ ਕਰਕੇ ਬਤੌਰ ਅਜੰਡਾ ਆਈਟਮ ਪੇਸ਼ ਕੀਤੀ ਜਾਵੇ ਜਿਸ ਵਿੱਚ ਤਜਵੀਜ ਕੀਤਾ ਜਾਵੇ ਕਿ ਜੇਕਰ ਬੋਰਡ ਦਾ ਲਾਭਪਾਤਰੀ ਇਸ ਸਕੀਮ ਅਧੀਨ ਅਪਲਾਈ ਕਰਦਾ ਹੈ ਤਾਂ ਵਿਆਜ ਦਾ 3.5% ਹਿਸਾ ਬੋਰਡ ਵਲੋਂ ਅਦਾ ਕੀਤਾ ਜਾਵੇਗਾ ਤਾਂ ਜੋ ਉਸਰੀ ਕਿਰਤੀ ਨੂੰ ਮਕਾਨ ਸਬੰਧੀ ਲਏ ਗਏ ਕਰਜੇ ਤੇ ਵਿਆਜ ਤੋਂ ਪੂਰੀ ਰਾਹਤ ਮਿਲ ਸਕੇ ਅਤੇ ਕੇਵਲ ਮੂਲਧੰਨ ਦੀਆਂ ਹੀ ਕਿਸ਼ਤਾ ਦੇਣੀਆਂ ਪੈਣ। ਬਾਕੀ ਮੈਂਬਰ ਸਾਹਿਬਾਨ ਵਲੋਂ ਵੀ ਇਸ ਨਾਲ ਸਹਿਮਤੀ ਪ੍ਰਗਟ ਕੀਤੀ।

ਮੀਟਿੰਗ ਮਾਨਯੋਗ ਸਕੱਤਰ ਬੋਰਡ ਜੀ ਵਲੋਂ ਧੰਨਵਾਦੀ ਮੱਤੇ ਨਾਲ ਸਮਾਪਤ ਹੋਈ।